ਇਹ ਜਾਣਕਾਰੀ ਇਹ ਦੱਸਦੀ ਹੈ ਕਿ ਅਪੀਲ ਦਾ ਆਪਣਾ ਪੱਖ ਕਿਵੇਂ ਦੱਸਣਾ ਹੈ। ਜ਼ਿਆਦਾ ਜਾਣਕਾਰੀ ਸਾਡੀ ਵੈੱਬਸਾਈਟ ਉੱਪਰ ਦੇਖੋ: wcat.bc.ca ਜਾਂ ਮਦਦ ਲਈ ਸਾਡੀ ਟੀਮ ਨੂੰ 604-664-7800 ਜਾਂ 1-800-663-2782 'ਤੇ ਫੋਨ ਕਰੋ।

## ਜ਼ਬਾਨੀ ਸੁਣਵਾਈ (ਓਰਲ ਹੀਅਰਿੰਗ) ਦੌਰਾਨ ਕੀ ਹੁੰਦਾ ਹੈ?

ਜ਼ਬਾਨੀ ਸੁਣਵਾਈ ਵਾਈਸ ਚੇਅਰ (ਉਹ ਵਿਅਕਤੀ ਜੋ ਤੁਹਾਡੀ ਅਪੀਲ ਦਾ ਫੈਸਲਾ ਕਰਦਾ ਹੈ) ਨੂੰ ਇਕੱਠੇ ਬੈਠ ਕੇ, ਵੀਡੀਓ ਕਾਨਫਰੰਸ ਦੁਆਰਾ ਜਾਂ ਫ਼ੋਨ 'ਤੇ ਆਪਣੀ ਕਹਾਣੀ ਦੱਸਣ ਦਾ ਇੱਕ ਮੌਕਾ ਹੁੰਦਾ ਹੈ। ਜ਼ਬਾਨੀ ਸੁਣਵਾਈ 'ਤੇ, ਤੁਹਾਨੂੰ ਸਪੱਸ਼ਟ ਤੌਰ 'ਤੇ ਇਹ ਦੱਸਣ ਦੀ ਜ਼ਰੂਰਤ ਹੋਏਗੀ:

- WCAT ਨੂੰ ਉਹ ਨਤੀਜਾ ਕਿਉਂ ਕੱਢਣਾ ਚਾਹੀਦਾ ਜਿਹੜਾ ਤੁਸੀਂ ਚਾਹੁੰਦੇ ਹੋ
- ਕਾਨੂੰਨ ਜਾਂ ਵਰਕਸੇਫਬੀਸੀ ਦੀਆਂ ਨੀਤੀਆਂ ਤੁਹਾਡੇ ਕੇਸ 'ਤੇ ਕਿਵੇਂ ਲਾਗੂ ਹੁੰਦੀਆਂ ਹਨ
- ਸਬੂਤ ਕਿਵੇਂ ਉਸ ਨਤੀਜੇ ਦੇ ਹੱਕ ਵਿੱਚ ਹਨ ਜਿਹੜਾ ਤੁਸੀਂ ਚਾਹੁੰਦੇ ਹੋ

ਵਾਈਸ ਚੇਅਰ ਦੱਸੇਗਾ ਕਿ ਅਪੀਲ ਕਿਵੇਂ ਅੱਗੇ ਵਧੇਗੀ। ਆਮ ਤੌਰ 'ਤੇ, ਅਪੀਲ ਸ਼ੁਰੂ ਕਰਨ ਵਾਲੇ ਵਿਅਕਤੀ ਦੀ ਵਾਰੀ ਪਹਿਲਾਂ ਹੋਵੇਗੀ, ਅਤੇ ਉਹ ਆਪਣੀ ਕਹਾਣੀ ਦਾ ਪੱਖ ਦੱਸੇਗਾ। ਜੇਕਰ ਉਹਨਾਂ ਕੋਲ ਗਵਾਹ ਹਨ, ਤਾਂ ਗਵਾਹ ਇਹ ਵੀ ਦੱਸਣਗੇ ਕਿ ਜਿਹੜਾ ਕੁਝ ਵਾਪਰਿਆ ਉਸ ਬਾਰੇ ਉਹ ਕੀ ਜਾਣਦੇ ਹਨ। ਜੇਕਰ ਅਪੀਲ ਕਰਤਾ ਦਾ ਕੋਈ ਪੇਸ਼ਾਵਰ ਨੁਮਾਇੰਦਾ ਹੈ, ਤਾਂ ਉਹ ਵਿਅਕਤੀ ਅਪੀਲ ਕਰਤਾ ਨੂੰ ਆਪਣੀ ਕਹਾਣੀ ਦਾ ਪੱਖ ਦੱਸਣ ਵਿੱਚ ਮਦਦ ਕਰਨ ਲਈ ਸਵਾਲ ਪੁੱਛ ਸਕਦਾ ਹੈ। ਅਪੀਲ ਦਾ ਜਵਾਬ ਦੇਣ ਵਾਲਾ ਵਿਅਕਤੀ ਵੀ ਸਵਾਲ ਪੁੱਛ ਸਕਦਾ ਹੈ।

ਜੇਕਰ ਅਪੀਲ ਦਾ ਜਵਾਬ ਦੇਣ ਵਾਲਾ ਵਿਅਕਤੀ ਸਬੂਤ ਦੇਣਾ ਚਾਹੁੰਦਾ ਹੈ, ਤਾਂ ਉਹ ਅਤੇ ਉਹਨਾਂ ਦੇ ਗਵਾਹ ਬੋਲ ਸਕਦੇ ਹਨ। ਅਪੀਲ ਸ਼ੁਰੂ ਕਰਨ ਵਾਲਾ ਵਿਅਕਤੀ ਜਵਾਬ ਦੇਣ ਵਾਲੇ ਦੇ ਗਵਾਹਾਂ ਤੋਂ ਵੀ ਸਵਾਲ ਪੁੱਛ ਸਕਦਾ ਹੈ। ਸੁਣਵਾਈ ਦੇ ਅੰਤ 'ਤੇ, ਦੋਵੇਂ ਧਿਰਾਂ ਆਪਣੀ ਅੰਤਿਮ ਦਲੀਲ ਦਿੰਦੀਆਂ ਹਨ।

ਵਾਈਸ-ਚੇਅਰ ਸੁਣਵਾਈ ਦੌਰਾਨ ਕੋਈ ਫੈਸਲਾ ਨਹੀਂ ਲੈਂਦੇ। ਸੁਣਵਾਈ ਤੋਂ ਬਾਅਦ ਵਾਈਸ-ਚੇਅਰ ਲਿਖਤੀ ਫੈਸਲਾ ਕਰਨਗੇ।

ਆਪਣਾ ਕੇਸ ਤਿਆਰ ਕਰਨ ਅਤੇ ਕਾਰਵਾਈ ਨੂੰ ਤੇਜ਼ ਕਰਨ ਬਾਰੇ ਸੁਝਾਅ ਲੈਣ ਲਈ ਸਾਡੀ ਵੈੱਬਸਾਈਟ 'ਤੇ ਜਾਓ:
WCAT.BC.CA > APPEAL A DECISION > PREPARE YOUR CASE

## ਜ਼ਬਾਨੀ ਸੁਣਵਾਈ ਵਿੱਚ ਕੌਣ ਹਾਜ਼ਰ ਹੁੰਦਾ ਹੈ?

ਅਪੀਲ ਸ਼ੁਰੂ ਕਰਨ ਵਾਲੇ ਵਿਅਕਤੀ ਲਈ ਹਾਜ਼ਰ ਹੋਣਾ ਜ਼ਰੂਰੀ ਹੈ। ਜੇਕਰ ਉਹ ਅਜਿਹਾ ਨਹੀਂ ਕਰਦੇ, ਤਾਂ ਉਹਨਾਂ ਦੀ ਅਪੀਲ ਖਾਰਜ ਕੀਤੀ ਜਾ ਸਕਦੀ ਹੈ।

ਅਪੀਲ ਦਾ ਜਵਾਬ ਦੇਣ ਵਾਲੇ ਵਿਅਕਤੀ ਨੂੰ ਵੀ ਹਾਜ਼ਰ ਹੋਣ ਲਈ ਸੱਦਾ ਦਿੱਤਾ ਜਾਵੇਗਾ। ਜੇਕਰ ਉਹ ਹਾਜ਼ਰ ਨਹੀਂ ਹੁੰਦੇ, ਤਾਂ ਉਹ ਅੱਗੇ ਹਿੱਸਾ ਲੈਣ ਦੀ ਆਪਣੀ ਯੋਗਤਾ ਗੁਆ ਸਕਦੇ ਹਨ।

ਜੇਕਰ ਤੁਸੀਂ ਕਿਸੇ ਨੂੰ ਆਪਣੇ ਨਾਲ ਲਿਆਉਣ ਦੀ ਯੋਜਨਾ ਬਣਾ ਰਹੇ ਹੋ, ਤਾਂ ਕਿਰਪਾ ਕਰਕੇ ਸੁਣਵਾਈ ਤੋਂ ਘੱਟੋ-ਘੱਟ 21 ਦਿਨ ਪਹਿਲਾਂ WCAT ਨੂੰ ਦੱਸੋ। ਜਿਹੜੇ ਲੋਕ ਹਾਜ਼ਰ ਹੋ ਸਕਦੇ ਹਨ ਉਹਨਾਂ ਵਿੱਚ ਸ਼ਾਮਲ ਹਨ:

- ਤੁਹਾਡਾ ਨੁਮਾਇੰਦਾ (ਜੇਕਰ ਤੁਹਾਡੇ ਕੋਲ ਕੋਈ ਹੈ)
- ਕੋਈ ਵੀ ਗਵਾਹ ਜਿਸ ਨੂੰ ਤੁਸੀਂ ਸੁਣਵਾਈ 'ਤੇ ਬੋਲਣ ਲਈ ਕਹੋਗੇ
- ਮਦਦ ਕਰਨ ਵਾਲਾ ਕੋਈ ਵਿਅਕਤੀ (ਜਿਹੜਾ ਗਵਾਹ ਜਾਂ ਨੁਮਾਇੰਦਾ ਨਹੀਂ ਹੈ)

ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ WCAT ਇਸ ਦਾ ਪ੍ਰਬੰਧ ਕਰੇਗਾ। ਤਰਜਮੇ ਲਈ ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਸਾਨੂੰ ਦੱਸੋ ਕਿ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ:

- ਜਦੋਂ ਤੁਸੀਂ ਨੋਟਿਸ ਆਫ ਅਪੀਲ ਫਾਰਮ ਜਾਂ ਨੋਟਿਸ ਆਫ ਪਾਰਟੀਸੀਪੇਸ਼ਨ ਫਾਰਮ ਭਰਦੇ ਹੋ
- ਜਾਂ ਸੁਣਵਾਈ ਤੋਂ ਘੱਟੋ-ਘੱਟ 2 ਹਫ਼ਤੇ ਪਹਿਲਾਂ WCAT ਨਾਲ ਸੰਪਰਕ ਕਰਕੇ

## ਸੁਣਵਾਈ ਲਈ ਤਿਆਰੀ ਕਰੋ

**ਜਾਣਕਾਰੀ ਪ੍ਰਦਾਨ ਕਰੋ।** ਜੇਕਰ ਤੁਹਾਡੇ ਕੋਲ ਸੁਣਵਾਈ 'ਤੇ ਵਾਈਸ ਚੇਅਰ ਲਈ ਨਵੀਂ ਜਾਣਕਾਰੀ ਹੈ, ਤਾਂ ਇਸ ਨੂੰ **ਸੁਣਵਾਈ ਤੋਂ ਘੱਟੋ-ਘੱਟ 21 ਦਿਨ ਪਹਿਲਾਂ** WCAT ਨੂੰ ਭੇਜੋ। ਇਸ ਨਾਲ ਅਪੀਲ ਵਿੱਚ ਹਿੱਸਾ ਲੈਣ ਵਾਲੇ ਹਰੇਕ ਵਿਅਕਤੀ ਨੂੰ ਵਿਚਾਰ ਕਰਨ ਅਤੇ ਤਿਆਰੀ ਕਰਨ ਲਈ ਉਚਿਤ ਸਮਾਂ ਮਿਲੇਗਾ। ਨਵੀਂ ਜਾਣਕਾਰੀ ਵਿੱਚ ਨਵੇਂ ਡਾਕਟਰੀ ਸਬੂਤ ਜਾਂ ਹੋਰ ਸਬੂਤ ਸ਼ਾਮਲ ਹੋ ਸਕਦੇ ਹਨ।

ਜੇਕਰ ਤੁਹਾਡੇ ਕੋਲ ਨਵੇਂ ਸਬੂਤ ਹਨ ਜੋ ਤੁਸੀਂ ਸਮੇਂ ਸਿਰ ਜਮ੍ਹਾਂ ਨਹੀਂ ਕਰਵਾਏ, ਤਾਂ ਵਾਈਸ ਚੇਅਰ ਨੂੰ ਆਪਣੀ ਸੁਣਵਾਈ 'ਤੇ ਦੱਸੋ। ਇਹ ਦੱਸਣ ਲਈ ਤਿਆਰ ਰਹੋ:

- ਨਵਾਂ ਸਬੂਤ ਕੀ ਹੈ
- ਇਹ ਕਿਉਂ ਢੁਕਵਾਂ ਹੈ
- ਤੁਸੀਂ ਇਸ ਨੂੰ ਪਹਿਲਾਂ ਕਿਉਂ ਨਹੀਂ ਦਿੱਤਾ

ਫਿਰ ਵਾਈਸ ਚੇਅਰ ਫੈਸਲਾ ਕਰੇਗਾ ਕਿ ਇਸ ਨੂੰ ਸਵੀਕਾਰ ਕਰਨਾ ਹੈ ਜਾਂ ਨਹੀਂ। ਮਿਲ ਕੇ ਹੋਣ ਵਾਲੀਆਂ ਸੁਣਵਾਈਆਂ ਲਈ, ਤੁਹਾਨੂੰ ਕਿਸੇ ਵੀ ਨਵੇਂ ਲਿਖਤੀ ਸਬੂਤ ਦੀਆਂ ਅਸਲ ਅਤੇ ਵਾਧੂ 2 ਕਾਪੀਆਂ ਲਿਆਉਣ ਦੀ ਜ਼ਰੂਰਤ ਹੋਏਗੀ।

**ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਦੀ ਵਰਤੋਂ ਕਰਦੇ ਸਮੇਂ ਸਾਵਧਾਨ ਰਹੋ।** ਇਹ ਮਦਦਗਾਰ ਹੋ ਸਕਦੀ ਹੈ, ਪਰ ਇਹ ਝੂਠੇ ਕਾਨੂੰਨ, ਕੇਸ ਅਤੇ ਤੱਥ ਪੈਦਾ ਕਰ ਸਕਦੀ ਹੈ। WCAT ਨੂੰ ਕੀਤੀਆਂ ਗਈਆਂ ਬੇਨਤੀਆਂ ਲਈ ਤੁਸੀਂ ਜ਼ਿੰਮੇਵਾਰ ਹੋ। ਜੇਕਰ ਤੁਹਾਡੇ ਦੁਆਰਾ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਨ ਨਾਲ ਗਲਤ ਜਾਣਕਾਰੀ ਪੈਦਾ ਹੁੰਦੀ ਹੈ, ਤਾਂ ਇਹ ਤੁਹਾਡੇ ਕੇਸ ਨੂੰ ਕਮਜ਼ੋਰ ਕਰ ਸਕਦੀ ਹੈ ਅਤੇ ਇਸ ਦੇ ਨਤੀਜੇ ਗੰਭੀਰ ਹੋ ਸਕਦੇ ਹਨ।

ਜੇਕਰ ਤੁਹਾਨੂੰ ਆਪਣੀ ਅਪੀਲ ਲਈ ਨਵੇਂ ਸਬੂਤ ਪ੍ਰਾਪਤ ਕਰਨ ਲਈ ਪੈਸੇ ਖਰਚ ਕਰਨੇ ਪਏ, ਤਾਂ ਤੁਸੀਂ WCAT ਨੂੰ ਇਹ ਹੁਕਮ ਦੇਣ ਲਈ ਕਹਿ ਸਕਦੇ ਹੋ ਕਿ ਤੁਹਾਨੂੰ ਅਦਾਇਗੀ ਕੀਤੀ ਜਾਵੇ। ਜਦੋਂ ਤੁਸੀਂ ਨਵਾਂ ਸਬੂਤ ਪ੍ਰਦਾਨ ਕਰਦੇ ਹੋ ਤਾਂ ਕੋਈ ਵੀ ਰਸੀਦਾਂ ਜਾਂ ਇਨਵੌਇਸ ਪ੍ਰਦਾਨ ਕਰੋ। ਉਦਾਹਰਨ ਵਜੋਂ, ਜੇਕਰ ਤੁਸੀਂ ਕਿਸੇ ਰਿਪੋਰਟ ਜਾਂ ਪੱਤਰ ਲਈ ਭੁਗਤਾਨ ਕੀਤਾ ਹੈ, ਤਾਂ ਆਪਣੀ ਰਸੀਦ ਜਾਂ ਇਨਵੌਇਸ ਸ਼ਾਮਲ ਕਰੋ। ਵਾਈਸ ਚੇਅਰ ਅੰਤਿਮ ਫੈਸਲੇ ਵਿੱਚ ਤੁਹਾਡੀ ਮੰਗ ਦਾ ਹੱਲ ਕਰੇਗਾ।

ਖਰਚਿਆਂ ਬਾਰੇ ਹੋਰ ਜਾਣਕਾਰੀ ਲਈ, ਸਾਡੀ ਵੈੱਬਸਾਈਟ 'ਤੇ ਜਾਓ: wcat.bc.ca > appeal a decision > present evidence and arguments > ask for appeal expenses

**ਗਵਾਹਾਂ ਨੂੰ ਤਿਆਰ ਕਰੋ।** ਤੁਹਾਨੂੰ ਗਵਾਹਾਂ ਨੂੰ ਬੁਲਾਉਣ ਦੀ ਲੋੜ ਨਹੀਂ ਹੈ, ਪਰ ਕਈ ਵਾਰ ਉਹਨਾਂ ਦੀ ਗਵਾਹੀ ਇਹ ਦੱਸਣ ਲਈ ਮਦਦਗਾਰ ਹੁੰਦੀ ਹੈ ਕਿ ਕੀ ਹੋਇਆ। ਉਹਨਾਂ ਕੋਲ ਅਪੀਲ ਬਾਰੇ ਸਿਰਫ ਰਾਇ ਨਾ ਹੋਵੇ, ਉਹਨਾਂ ਕੋਲ ਉਹ ਜਾਣਕਾਰੀ ਹੋਣੀ ਜ਼ਰੂਰੀ ਹੈ ਜਿਹੜੀ ਉਹਨਾਂ ਨੇ ਆਪ ਦੇਖੀ, ਸੁਣੀ ਜਾਂ ਅਨੁਭਵ ਕੀਤੀ ਹੋਵੇ। ਜੇਕਰ ਤੁਸੀਂ ਗਵਾਹਾਂ ਨੂੰ ਬੁਲਾਉਣ ਦੀ ਯੋਜਨਾ ਬਣਾ ਰਹੇ ਹੋ, ਤਾਂ ਉਹਨਾਂ ਨੂੰ ਸੁਣਵਾਈ ਦੀ ਮਿਤੀ, ਸਮਾਂ ਅਤੇ ਸਥਾਨ ਦੱਸੋ। ਜੇਕਰ ਸੁਣਵਾਈ ਫ਼ੋਨ ਜਾਂ ਵੀਡੀਓ ਕਾਨਫਰੰਸ ਰਾਹੀਂ ਹੈ, ਤਾਂ ਉਹਨਾਂ ਨਾਲ ਫੋਨ ਰਾਹੀਂ ਜਾਂ ਔਨਲਾਈਨ ਕਿਵੇਂ ਸ਼ਾਮਲ ਹੋਣਾ ਹੈ ਉਸ ਬਾਰੇ ਹਦਾਇਤਾਂ ਸਾਂਝੀਆਂ ਕਰੋ।

## ਸੁਣਵਾਈ ਦੀ ਮਿਤੀ ਜਾਂ ਸਮਾਂ ਬਦਲੋ

WCAT ਆਮ ਤੌਰ 'ਤੇ ਤੁਹਾਨੂੰ ਤੁਹਾਡੀ ਸੁਣਵਾਈ ਦੀ ਮਿਤੀ ਬਾਰੇ ਘੱਟੋ-ਘੱਟ 6 ਹਫ਼ਤੇ ਪਹਿਲਾਂ ਦੱਸੇਗਾ। ਜੇਕਰ ਤੁਸੀਂ ਮਿਥੇ ਸਮੇਂ 'ਤੇ ਹਾਜ਼ਰ ਨਹੀਂ ਹੋ ਸਕਦੇ, ਤਾਂ ਤੁਸੀਂ WCAT ਨਾਲ ਸੰਪਰਕ ਕਰ ਸਕਦੇ ਹੋ ਅਤੇ ਤਾਰੀਖ ਜਾਂ ਸਮਾਂ ਬਦਲਣ ਲਈ ਕਹਿ ਸਕਦੇ ਹੋ। ਅਜਿਹਾ ਜ਼ਬਾਨੀ ਸੁਣਵਾਈ ਵਿੱਚ ਹਾਜ਼ਰ ਹੋਣ ਲਈ ਤੁਹਾਨੂੰ ਪਹਿਲਾ ਨੋਟਿਸ ਮਿਲਣ ਦੇ 14 ਦਿਨਾਂ ਦੇ ਅੰਦਰ ਕਰਨ ਦੀ ਲੋੜ ਹੁੰਦੀ ਹੈ।

### ਜੇ ਮੈਂ ਹਾਜ਼ਰ ਨਾ ਹੋਵਾਂ ਤਾਂ ਕੀ ਹੁੰਦਾ ਹੈ

ਜੇਕਰ ਤੁਸੀਂ ਕਿਸੇ ਫੈਸਲੇ ਦੀ ਅਪੀਲ ਕੀਤੀ ਹੈ, ਅਤੇ ਤੁਸੀਂ ਸੁਣਵਾਈ ਵਿੱਚ ਹਾਜ਼ਰ ਨਹੀਂ ਹੁੰਦੇ, ਤਾਂ ਤੁਹਾਡੀ ਅਪੀਲ ਨੂੰ ਬਿਨਾਂ ਸੁਣਵਾਈ ਦੇ ਖਾਰਜ ਕੀਤਾ ਜਾ ਸਕਦਾ ਹੈ ਜਾਂ ਫੈਸਲਾ ਕੀਤਾ ਜਾ ਸਕਦਾ ਹੈ। ਜੇਕਰ ਤੁਸੀਂ ਹਾਜ਼ਰ ਨਹੀਂ ਹੁੰਦੇ, ਤਾਂ WCAT ਤੁਹਾਨੂੰ ਇਹ ਦੱਸਣ ਦਾ ਮੌਕਾ ਦੇਵੇਗਾ ਕਿ ਤੁਸੀਂ ਹਾਜ਼ਰ ਕਿਉਂ ਨਹੀਂ ਹੋਏ ਅਤੇ ਫੈਸਲਾ ਕਰੇਗਾ ਕਿ ਅੱਗੇ ਕੀ ਹੋਵੇਗਾ।

ਜੇਕਰ ਤੁਸੀਂ ਕਿਸੇ ਅਪੀਲ ਦਾ ਜਵਾਬ ਦੇ ਰਹੇ ਹੋ ਅਤੇ ਤੁਸੀਂ ਹਾਜ਼ਰ ਨਹੀਂ ਹੁੰਦੇ, ਤਾਂ WCAT ਫੈਸਲਾ ਕਰ ਸਕਦਾ ਹੈ ਕਿ ਤੁਸੀਂ ਅੱਗੇ ਤੋਂ ਅਪੀਲ ਦਾ ਹਿੱਸਾ ਨਹੀਂ ਹੋ।

ਜੇਕਰ ਤੁਸੀਂ 10 ਮਿੰਟ ਤੋਂ ਵੱਧ ਲੇਟ ਹੁੰਦੇ ਹੋ, ਤਾਂ ਤੁਹਾਡੇ ਨਾਲ ਇਸ ਤਰ੍ਹਾਂ ਵਿਹਾਰ ਕੀਤਾ ਜਾ ਸਕਦਾ ਹੈ ਜਿਵੇਂ ਤੁਸੀਂ ਹਾਜ਼ਰ ਨਹੀਂ ਹੋਏ।

## ਮਦਦ ਦੀ ਲੋੜ ਹੈ?

**ਕਿਸੇ ਨੁਮਾਇੰਦੇ (ਰੈਪਰੇਜ਼ਿਨਟੇਟਿਵ) ਦੀ ਮਦਦ ਲਉ।** ਆਪਣੀ ਅਪੀਲ ਦਾ ਪੱਖ ਦੱਸਣ ਵਿੱਚ ਮਦਦ ਲਈ ਤੁਸੀਂ ਕਿਸੇ ਨੂੰ ਮੁਖ਼ਤਾਰ ਬਣਾ ਸਕਦੇ ਹੋ। ਉਹ ਕੋਈ ਵਕੀਲ, ਮੁਆਵਜ਼ਾ ਸਲਾਹਕਾਰ (ਕੰਪਨਸੇਸ਼ਨ ਕਨਸਲਟੈਂਟ), ਯੂਨੀਅਨ ਜਾਂ ਇਮਪਲੋਏਅਰਜ਼ ਐਸੋਸੀਏਸ਼ਨ ਦਾ ਕੋਈ ਵਿਅਕਤੀ, ਪਰਿਵਾਰ ਦਾ ਮੈਂਬਰ ਜਾਂ ਦੋਸਤ ਹੋ ਸਕਦਾ ਹੈ। ਕਿਰਪਾ ਕਰਕੇ ਧਿਆਨ ਦਿਓ ਕਿ WCAT ਤੁਹਾਨੂੰ ਨੁਮਾਇੰਦਾ ਨਿਯੁਕਤ ਕਰਨ ਦੀ ਲਾਗਤ ਦੀ ਭਰਪਾਈ ਨਹੀਂ ਕਰਦਾ ਹੈ।

**ਕਿਸੇ ਸਲਾਹਕਾਰ (ਐਡਵਾਈਜ਼ਰ) ਨਾਲ ਗੱਲ ਕਰੋ।** ਵਰਕਰਾਂ ਅਤੇ ਇਮਪਲੋਏਅਰਾਂ ਦੇ ਸਲਾਹਕਾਰ ਦਫ਼ਤਰ ਉਹਨਾਂ ਲੋਕਾਂ ਨੂੰ ਮੁਫ਼ਤ ਮਦਦ ਪ੍ਰਦਾਨ ਕਰਨ ਲਈ ਬਣਾਏ ਗਏ ਸਨ ਜੋ ਵਰਕਸੇਫਬੀਸੀ ਦੇ ਫੈਸਲੇ ਨਾਲ ਅਸਹਿਮਤ ਹੋਣ। ਉਹ ਵਰਕਸੇਫਬੀਸੀ ਤੋਂ ਆਜ਼ਾਦ ਹਨ ਅਤੇ ਕਿਰਤ ਮੰਤਰਾਲੇ ਦਾ ਹਿੱਸਾ ਹਨ।

ਵਰਕਰਜ਼ ਐਡਵਾਈਜ਼ਰਜ਼ ਆਫਿਸ
www.gov.bc.ca/workersadvisers
1-800-663-4261 (ਬੀ.ਸੀ. ਵਿੱਚ ਮੁਫਤ)

ਇਮਪਲੋਏਅਰਜ਼ ਐਡਵਾਈਜ਼ਰਜ਼ ਆਫਿਸ
www.gov.bc.ca/employersadvisers
1-800-925-2233 (ਬੀ.ਸੀ. ਵਿੱਚ ਮੁਫਤ)

**WCAT ਨਾਲ ਸੰਪਰਕ ਕਰੋ।** ਤੁਹਾਡੀ ਅਪੀਲ ਨੂੰ ਸਹੀ ਥਾਂ 'ਤੇ ਰੱਖਣ ਵਿੱਚ ਮਦਦ ਲਈ WCAT ਦਾ ਸਟਾਫ ਮਦਦ ਕਰ ਸਕਦਾ ਹੈ। ਉਹ ਨਿਰਪੱਖ ਹੁੰਦੇ ਹਨ, ਜਿਸ ਦਾ ਮਤਲਬ ਹੈ ਕਿ ਉਹ ਕਾਨੂੰਨੀ ਸਲਾਹ ਨਹੀਂ ਦਿੰਦੇ ਜਾਂ ਤੁਹਾਡੇ ਨੁਮਾਇੰਦੇ ਵਜੋਂ ਕੰਮ ਨਹੀਂ ਕਰਦੇ।

ਤੁਸੀਂ ਸਾਡੇ ਮੈਨੂਅਲ ਵਿੱਚ ਨਿਯਮਾਂ ਅਤੇ ਕਾਰਵਾਈਆਂ ਬਾਰੇ ਹੋਰ ਜਾਣਕਾਰੀ ਵੀ ਪ੍ਰਾਪਤ ਕਰ ਸਕਦੇ ਹੋ: wcat.bc.ca > resources > manual of rules of practice and procedure